**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸੰਪਾਦਕ,
ਪੰਜਾਬ ਦੀ ਆਵਾਜ਼ ਅਜੀਤ,
ਨਹਿਰੂ ਗਾਰਡਨ ਰੋਡ,
ਜਲੰਧਰ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/79652
ਮਿਤੀ ਚੰਡੀਗੜ੍ਹ 31.12.2010

**ਵਿਸ਼ਾ: 'ਬਾਲ ਸੰਸਾਰ' ਪੱਤ੍ਰਿਕਾ ਨੂੰ ਸਕੂਲਾਂ ਵਿੱਚ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਕਰਮਚਾਰੀ/ਅਧਿਕਾਰੀ ਸ਼੍ਰੀ ਗੁਰਮੀਤ ਸਿੰਘ, ਏਜੰਸੀ ਮੈਨੇਜਰ ਨਾਲ ਹੋਈ ਮੀਟਿੰਗ ਅਨੁਸਾਰ ਆਪ ਜੀ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਮਿਤੀ 1 ਜਨਵਰੀ 2011 ਤੋਂ 31 ਮਾਰਚ 2011 ਤੱਕ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ (13449) ਅੰਦਰ ਆਪ ਜੀ ਵੱਲੋਂ ਹਰ ਸ਼ਨਿੱਚਰਵਾਰ ਪ੍ਰਕਾਸ਼ਿਤ ਕੀਤੇ ਜਾਂਦੇ 'ਬਾਲ ਸੰਸਾਰ' ਮੈਗਜ਼ੀਨ ਦੀਆਂ ਤਿੰਨ ਕਾਪੀਆਂ ਹਰ ਸ਼ਨਿੱਚਰਵਾਰ ਨੂੰ ਹਰੇਕ ਸਕੂਲ ਅੰਦਰ **ਦੋ ਰੁਪਏ ਪ੍ਰਤੀ ਕਾਪੀ** ਦੇ ਹਿਸਾਬ ਨਾਲ ਲਗਾਇਆ ਜਾ ਰਿਹਾ ਹੈ।

2.0 ਆਪ ਜੀ ਵੱਲੋਂ ਪ੍ਰਤੀ ਸਕੂਲ ਮੈਗਜ਼ੀਨ ਦੀ ਮਹੀਨਾਵਾਰ ਵਸੂਲੀ ਜਾਣ ਵਾਲੀ ਕੀਮਤ ਸਕੂਲਾਂ ਦੀ ਗਿਣਤੀ ਦੇ ਹਿਸਾਬ ਨਾਲ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਜ਼ਿਲ੍ਹਾ ਪੱਧਰ ਤੇ ਹਰ ਮਹੀਨੇ ਕੀਤੀ ਜਾਵੇਗੀ। ਇਹ ਖਰਚਾ 1 ਜਨਵਰੀ 2011 ਤੋਂ 31 ਮਾਰਚ 2011 ਤੱਕ ਦਾ ਹੋਵੇਗਾ।

3.0 ਇਹ ਮੈਗਜ਼ੀਨ ਸਮੇਤ ਉਸ ਦਿਨ ਦਾ ਅਖ਼ਬਾਰ ਜੋ ਕਿ ਮੁਫ਼ਤ ਹੋਵੇਗਾ ਸਕੂਲਾਂ ਦੀ ਗਿਣਤੀ ਅਨੁਸਾਰ ਦਫ਼ਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਵਿਖੇ ਹਰ ਸ਼ਨਿੱਚਰਵਾਰ ਪੁੱਜਦਾ ਕਰਨਾ ਹੋਵੇਗਾ। ਜ਼ਿਲ੍ਹੇ ਅਨੁਸਾਰ ਬਲਾਕਾਂ ਅਤੇ ਸਕੂਲਾਂ ਦੀ ਗਿਣਤੀ ਇਸ ਪ੍ਰਕਾਰ ਹੈ:-

| ਲੜੀ ਨੰ | ਜ਼ਿਲ੍ਹਾ | ਬਲਾਕਾਂ ਦੀ ਗਿਣਤੀ | ਜ਼ਿਲ੍ਹੇ ਅੰਦਰ ਪ੍ਰਾਇਮਰੀ ਸਕੂਲ |
|---|---|---|---|
| 1 | ਅੰਮ੍ਰਿਤਸਰ | 17 | 853 |
| 2 | ਬਰਨਾਲਾ | 3 | 190 |
| 3 | ਬਠਿੰਡਾ | 6 | 393 |
| 4 | ਫਤਿਹਗੜ੍ਹ ਸਾਹਿਬ | 6 | 467 |
| 5 | ਫਿਰੋਜ਼ਪੁਰ | 19 | 1157 |
| 6 | ਫਰੀਦਕੋਟ | 5 | 256 |

| | | | |
|---|---|---|---|
| 7 | ਗੁਰਦਾਸਪੁਰ | 22 | 1548 |
| 8 | ਹੁਸ਼ਿਆਰਪੁਰ | 19 | 1289 |
| 9 | ਜਲੰਧਰ | 19 | 989 |
| 10 | ਕਪੂਰਥਲਾ | 7 | 552 |
| 11 | ਲੁਧਿਆਣਾ | 19 | 1018 |
| 12 | ਮੋਗਾ | 6 | 381 |
| 13 | ਮਾਨਸਾ | 5 | 321 |
| 14 | ਮੁਕਤਸਰ | 6 | 334 |
| 15 | ਮੋਹਾਲੀ | 7 | 426 |
| 16 | ਨਵਾਂ ਸ਼ਹਿਰ | 8 | 449 |
| 17 | ਪਟਿਆਲਾ | 14 | 1024 |
| 18 | ਰੋਪੜ | 8 | 581 |
| 19 | ਸੰਗਰੂਰ | 11 | 674 |
| 20 | ਤਰਨ ਤਾਰਨ | 9 | 547 |
| **ਕੁੱਲ** | | **216** | **13449** |

4.0 ਮੈਗਜ਼ੀਨ ਦੀ ਸਪਲਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

5.0 ਸਕੂਲ ਵਿਭਾਗ ਦੀਆਂ ਵੱਖ-ਵੱਖ ਖਬਰਾਂ ਅਤੇ ਸਰਵ ਸਿੱਖਿਆ ਅਭਿਆਨ ਦੀਆਂ ਪ੍ਰਾਪਤੀਆਂ ਲਈ ਵੀ ਅਖ਼ਬਾਰ ਅੰਦਰ ਆਪ ਜੀ ਵੱਲੋਂ ਯੋਗ ਥਾਂ ਦਿੱਤੀ ਜਾਵੇਗੀ।

6.0 ਸਟੇਟ ਐਵਾਰਡੀ ਜਾਂ ਸਕੂਲਾਂ ਅੰਦਰ ਚੰਗੇਰੀ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਦੇ ਕੰਮ-ਕਾਜ਼ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਨੂੰ ਉਤਸ਼ਾਹਤ ਕਰਨ ਪੱਖੋਂ ਆਪ ਜੀ ਵੱਲੋਂ ਅਖ਼ਬਾਰ ਅੰਦਰ ਵਿਸ਼ੇਸ਼ ਥਾਂ ਦਿੱਤੀ ਜਾਵੇ।

7.0 ਸਕੂਲਾਂ ਵਿੱਚ ਆਉਣ ਵਾਲੀਆਂ ਬੱਚਿਆਂ ਦੀਆਂ ਰਚਨਾਵਾਂ ਨੂੰ 'ਬਾਲ ਸੰਸਾਰ' ਮੈਗਜ਼ੀਨ ਵਿੱਚ ਥਾਂ ਦਿੱਤੀ ਜਾਵੇਗੀ।

8.0 ਮੈਗਜ਼ੀਨ ਨੂੰ ਚਾਲੂ ਰੱਖਣ ਅਤੇ ਬੰਦ ਰੱਖਣ ਲਈ ਹਰੇਕ ਤਰ੍ਹਾਂ ਦੇ ਅਧਿਕਾਰ ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਪੰਜਾਬ ਚੰਡੀਗੜ੍ਹ ਕੋਲ ਹਨ।

9.0 ਮੈਗਜ਼ੀਨ ਦੀ ਗਿਣਤੀ ਵਧਾਉਣ ਜਾਂ ਘਟਾਉਣ ਲਈ ਹਰੇਕ ਤਰ੍ਹਾਂ ਦੇ ਅਧਿਕਾਰ ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਪੰਜਾਬ ਚੰਡੀਗੜ੍ਹ ਕੋਲ ਹਨ।

10.0 ਮੈਗਜ਼ੀਨ ਦੀਆਂ ਕਾਪੀਆਂ ਬਲਾਕਾਂ ਅੰਦਰ ਪੂਰੀਆਂ ਪਹੁੰਚਣੀਆਂ ਚਾਹੀਦੀਆਂ ਹਨ। ਮੈਗਜ਼ੀਨ ਘੱਟ ਨਿਕਲਣ ਤੇ ਬਿੱਲ 'ਚ ਕਟੌਤੀ ਕੀਤੀ ਜਾਵੇਗੀ।

11.0 ਜੇਕਰ ਪੈਕਿੰਗ ਵਿੱਚ ਮੈਗਜ਼ੀਨ ਖ਼ਰਾਬ ਹਾਲਤ ਭਾਵ ਵਧੀਆ ਨਹੀਂ ਨਿਕਲਦੇ ਤਾਂ ਇਸ ਸਬੰਧੀ ਪੂਰੀ ਜ਼ਿੰਮੇਵਾਰੀ ਫ਼ਰਮ ਦੀ ਹੋਵੇਗੀ ਅਤੇ ਇਸ ਦੀ ਕੋਈ ਅਦਾਇਗੀ ਨਹੀਂ ਕੀਤੀ ਜਾਵੇਗੀ।

12.0 ਮੈਗਜ਼ੀਨ ਦੀ ਅਦਾਇਗੀ ਬਲਾਕ ਪੱਧਰ ਤੇ ਮੈਗਜ਼ੀਨ ਪਹੁੰਚਣ ਤੋਂ ਬਾਅਦ ਪਹੁੰਚ ਰਸੀਦ ਲੈਣ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਮਹੀਨੇ ਦੇ ਅਖੀਰ ਵਿੱਚ ਜ਼ਿਲ੍ਹਾ ਪੱਧਰ ਤੇ ਕੀਤੀ ਜਾਵੇਗੀ।

13.0 ਭੇਜੇ ਜਾਣ ਵਾਲੇ ਮੈਗਜ਼ੀਨ ਅਤੇ ਉਸ ਦਿਨ ਦੇ ਅਖਬਾਰ ਵਿੱਚ ਇਸ ਤਰ੍ਹਾਂ ਦੀ ਕਿਸੇ ਵੀ ਧਰਮ, ਜਾਤੀ, ਗੋਤ, ਇਤਹਾਸਿਕ ਨਾਂ, ਥਾਵਾਂ ਆਦਿ ਸਬੰਧੀ ਕੋਈ ਅਹਿਜੀ ਸ਼ਬਦਾਵਲੀ ਜਾਂ ਤਸਵੀਰ ਨਾ ਹੋਵੇ ਜਿਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ।

14.0 ਮੈਗਜ਼ੀਨ ਅਤੇ ਉਸ ਦਿਨ ਦੇ ਭੇਜੇ ਜਾਣ ਵਾਲੇ ਅਖਬਾਰ ਅੰਦਰ ਕੋਈ ਵੀ ਅਸ਼ਲੀਲ ਤਸਵੀਰ ਜਾਂ ਸ਼ਬਦਾਵਲੀ ਨਾ ਹੋਵੇ।

15.0 ਮੁੱਖ ਦਫ਼ਤਰ ਨਾਲ ਇਸ ਸਬੰਧੀ ਇੱਕ ਐਗਰੀਮੈਂਟ ਵੀ ਕਰਨਾ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿਠਅੰਕਣ ਨੰ: ਉਕਤ/79654** **ਮਿਤੀ 31.12.2010**

ਉਤਾਰਾ: (1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪੰਜਾਬ।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ (ਵੈਬਸਾਈਟ ਰਾਹੀਂ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸੰਪਾਦਕ,
ਜਗਬਾਣੀ,
ਪੰਜਾਬ ਕੇਸਰੀ ਗਰੁੱਪ,
ਸਿਵਲ ਲਾਇੰਨਜ਼, ਜਲੰਧਰ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/79651
ਮਿਤੀ ਚੰਡੀਗੜ੍ਹ 31.12.2010

**ਵਿਸ਼ਾ: 'ਬਾਲ ਜਗਤ' ਪੱਤ੍ਰਿਕਾ ਨੂੰ ਸਕੂਲਾਂ ਵਿੱਚ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਕਰਮਚਾਰੀ/ਅਧਿਕਾਰੀ ਸ਼੍ਰੀ ਸ਼ੁਸੀਲ ਦੱਤਾ, ਏ.ਵੀ.ਪੀ. ਪੰਜਾਬ ਕੇਸਰੀ ਗਰੁੱਪ ਨਾਲ ਹੋਈ ਮੀਟਿੰਗ ਅਨੁਸਾਰ ਆਪ ਜੀ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਮਿਤੀ 1 ਜਨਵਰੀ 2011 ਤੋਂ 31 ਮਾਰਚ 2011 ਤੱਕ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ (13449) ਅੰਦਰ ਆਪ ਜੀ ਵੱਲੋਂ ਹਰ ਸ਼ਨਿੱਚਰਵਾਰ ਪ੍ਰਕਾਸ਼ਿਤ ਕੀਤੇ ਜਾਂਦੇ 'ਬਾਲ ਜਗਤ' ਮੈਗਜ਼ੀਨ ਦੀਆਂ ਤਿੰਨ ਕਾਪੀਆਂ ਹਰ ਸ਼ਨਿੱਚਰਵਾਰ ਨੂੰ ਹਰੇਕ ਸਕੂਲ ਅੰਦਰ **ਦੋ ਰੁਪਏ ਪ੍ਰਤੀ ਕਾਪੀ** ਦੇ ਹਿਸਾਬ ਨਾਲ ਲਗਾਇਆ ਜਾ ਰਿਹਾ ਹੈ।

2.0 ਆਪ ਜੀ ਵੱਲੋਂ ਪ੍ਰਤੀ ਸਕੂਲ ਮੈਗਜ਼ੀਨ ਦੀ ਮਹੀਨਾਵਾਰ ਵਸੂਲੀ ਜਾਣ ਵਾਲੀ ਕੀਮਤ ਸਕੂਲਾਂ ਦੀ ਗਿਣਤੀ ਦੇ ਹਿਸਾਬ ਨਾਲ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਜ਼ਿਲ੍ਹਾ ਪੱਧਰ ਤੇ ਹਰ ਮਹੀਨੇ ਕੀਤੀ ਜਾਵੇਗੀ। ਇਹ ਖਰਚਾ 1 ਜਨਵਰੀ 2011 ਤੋਂ 31 ਮਾਰਚ 2011 ਤੱਕ ਦਾ ਹੋਵੇਗਾ।

3.0 ਇਹ ਮੈਗਜ਼ੀਨ ਸਮੇਤ ਉਸ ਦਿਨ ਦਾ ਅਖ਼ਬਾਰ ਜੋ ਕਿ ਮੁਫ਼ਤ ਹੋਵੇਗਾ ਸਕੂਲਾਂ ਦੀ ਗਿਣਤੀ ਅਨੁਸਾਰ ਦਫ਼ਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਵਿਖੇ ਹਰ ਸ਼ਨਿੱਚਰਵਾਰ ਪੁੱਜਦਾ ਕਰਨਾ ਹੋਵੇਗਾ। ਜ਼ਿਲ੍ਹੇ ਅਨੁਸਾਰ ਬਲਾਕਾਂ ਅਤੇ ਸਕੂਲਾਂ ਦੀ ਗਿਣਤੀ ਇਸ ਪ੍ਰਕਾਰ ਹੈ:-

| ਲੜੀ ਨੰ | ਜ਼ਿਲ੍ਹਾ | ਬਲਾਕਾਂ ਦੀ ਗਿਣਤੀ | ਜ਼ਿਲ੍ਹੇ ਅਮਦਰ ਪ੍ਰਾਇਮਰੀ ਸਕੂਲ |
|---|---|---|---|
| 1 | ਅਮ੍ਰਿਤਸਰ | 17 | 853 |
| 2 | ਬਰਨਾਲਾ | 3 | 190 |
| 3 | ਬਠਿੰਡਾ | 6 | 393 |
| 4 | ਫਤਿਹਗੜ੍ਹ ਸਾਹਿਬ | 6 | 467 |
| 5 | ਫਿਰੋਜ਼ਪੁਰ | 19 | 1157 |

| | | | |
|---|---|---|---|
| 6 | ਫਰੀਦਕੋਟ | 5 | 256 |
| 7 | ਗੁਰਦਾਸਪੁਰ | 22 | 1548 |
| 8 | ਹੁਸ਼ਿਆਰਪੁਰ | 19 | 1289 |
| 9 | ਜਲੰਧਰ | 19 | 989 |
| 10 | ਕਪੂਰਥਲਾ | 7 | 552 |
| 11 | ਲੁਧਿਆਣਾ | 19 | 1018 |
| 12 | ਮੋਗਾ | 6 | 381 |
| 13 | ਮਾਨਸਾ | 5 | 321 |
| 14 | ਮੁਕਤਸਰ | 6 | 334 |
| 15 | ਮੋਹਾਲੀ | 7 | 426 |
| 16 | ਨਵਾਂ ਸ਼ਹਿਰ | 8 | 449 |
| 17 | ਪਟਿਆਲਾ | 14 | 1024 |
| 18 | ਰੋਪੜ | 8 | 581 |
| 19 | ਸੰਗਰੂਰ | 11 | 674 |
| 20 | ਤਰਨ ਤਾਰਨ | 9 | 547 |
| **ਕੁੱਲ** | | **216** | **13449** |

4.0 ਮੈਗਜ਼ੀਨ ਦੀ ਸਪਲਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

5.0 ਸਕੂਲ ਵਿਭਾਗ ਦੀਆਂ ਵੱਖ-ਵੱਖ ਖਬਰਾਂ ਅਤੇ ਸਰਵ ਸਿੱਖਿਆ ਅਭਿਆਨ ਦੀਆਂ ਪ੍ਰਾਪਤੀਆਂ ਲਈ ਵੀ ਅਖ਼ਬਾਰ ਅੰਦਰ ਆਪ ਜੀ ਵੱਲੋਂ ਯੋਗ ਥਾਂ ਦਿੱਤੀ ਜਾਵੇਗੀ।

6.0 ਸਟੇਟ ਐਵਾਰਡੀ ਜਾਂ ਸਕੂਲਾਂ ਅੰਦਰ ਚੰਗੇਰੀ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਦੇ ਕੰਮ-ਕਾਜ਼ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਨੂੰ ਉਤਸ਼ਾਹਤ ਕਰਨ ਪੱਖੋਂ ਆਪ ਜੀ ਵੱਲੋਂ ਅਖ਼ਬਾਰ ਅੰਦਰ ਵਿਸ਼ੇਸ਼ ਥਾਂ ਦਿੱਤੀ ਜਾਵੇ।

7.0 ਸਕੂਲਾਂ ਵਿੱਚ ਆਉਣ ਵਾਲੀਆਂ ਬੱਚਿਆਂ ਦੀਆਂ ਰਚਨਾਵਾਂ ਨੂੰ 'ਬਾਲ ਜਗਤ' ਮੈਗਜ਼ੀਨ ਵਿੱਚ ਥਾਂ ਦਿੱਤੀ ਜਾਵੇਗੀ।

8.0 ਮੈਗਜ਼ੀਨ ਨੂੰ ਚਾਲੂ ਰੱਖਣ ਅਤੇ ਬੰਦ ਰੱਖਣ ਲਈ ਹਰੇਕ ਤਰ੍ਹਾਂ ਦੇ ਅਧਿਕਾਰ ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਪੰਜਾਬ ਚੰਡੀਗੜ੍ਹ ਕੋਲ ਹਨ।

9.0 ਮੈਗਜ਼ੀਨ ਦੀ ਗਿਣਤੀ ਵਧਾਉਣ ਜਾਂ ਘਟਾਉਣ ਲਈ ਹਰੇਕ ਤਰ੍ਹਾਂ ਦੇ ਅਧਿਕਾਰ ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਪੰਜਾਬ ਚੰਡੀਗੜ੍ਹ ਕੋਲ ਹਨ।

10.0 ਮੈਗਜ਼ੀਨ ਦੀਆਂ ਕਾਪੀਆਂ ਬਲਾਕਾਂ ਅੰਦਰ ਪੂਰੀਆਂ ਪਹੁੰਚਣੀਆਂ ਚਾਹੀਦੀਆਂ ਹਨ। ਮੈਗਜ਼ੀਨ ਘੱਟ ਨਿਕਲਣ ਤੇ ਬਿੱਲ 'ਚ ਕਟੌਤੀ ਕੀਤੀ ਜਾਵੇਗੀ।

11.0 ਜੇਕਰ ਪੈਕਿੰਗ ਵਿੱਚ ਮੈਗਜ਼ੀਨ ਖ਼ਰਾਬ ਹਾਲਤ ਭਾਵ ਵਧੀਆ ਨਹੀਂ ਨਿਕਲਦੇ ਤਾਂ ਇਸ ਸਬੰਧੀ ਪੂਰੀ ਜ਼ਿੰਮੇਵਾਰੀ ਫ਼ਰਮ ਦੀ ਹੋਵੇਗੀ ਅਤੇ ਇਸ ਦੀ ਕੋਈ ਅਦਾਇਗੀ ਨਹੀਂ ਕੀਤੀ ਜਾਵੇਗੀ।

12.0 ਮੈਗਜ਼ੀਨ ਦੀ ਅਦਾਇਗੀ ਬਲਾਕ ਪੱਧਰ ਤੇ ਮੈਗਜ਼ੀਨ ਪਹੁੰਚਣ ਤੋਂ ਬਾਅਦ ਪਹੁੰਚ ਰਸੀਦ ਲੈਣ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਮਹੀਨੇ ਦੇ ਅਖੀਰ ਵਿੱਚ ਜ਼ਿਲ੍ਹਾ ਪੱਧਰ ਤੇ ਕੀਤੀ ਜਾਵੇਗੀ।

13.0 ਭੇਜੇ ਜਾਣ ਵਾਲੇ ਮੈਗਜ਼ੀਨ ਅਤੇ ਉਸ ਦਿਨ ਦੇ ਅਖਬਾਰ ਵਿੱਚ ਇਸ ਤਰ੍ਹਾਂ ਦੀ ਕਿਸੇ ਵੀ ਧਰਮ, ਜਾਤੀ, ਗੋਤ, ਇਤਹਾਸਿਕ ਨਾਂ, ਥਾਵਾਂ ਆਦਿ ਸਬੰਧੀ ਕੋਈ ਅਹਿਜੀ ਸ਼ਬਦਾਵਲੀ ਜਾਂ ਤਸਵੀਰ ਨਾ ਹੋਵੇ ਜਿਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ।

14.0 ਮੈਗਜ਼ੀਨ ਅਤੇ ਉਸ ਦਿਨ ਦੇ ਭੇਜੇ ਜਾਣ ਵਾਲੇ ਅਖਬਾਰ ਅੰਦਰ ਕੋਈ ਵੀ ਅਸ਼ਲੀਲ ਤਸਵੀਰ ਜਾਂ ਸ਼ਬਦਾਵਲੀ ਨਾ ਹੋਵੇ।

15.0 ਮੁੱਖ ਦਫ਼ਤਰ ਨਾਲ ਇਸ ਸਬੰਧੀ ਇੱਕ ਐਗਰੀਮੈਂਟ ਵੀ ਕਰਨਾ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿਠਅੰਕਣ ਨੰ: ਉਕਤ/79653** **ਮਿਤੀ 31.12.2010**

ਉਤਾਰਾ: (1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪੰਜਾਬ।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ (ਵੈਬਸਾਈਟ ਰਾਹੀਂ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**